Punjabi - Number 44a
November 2012

# ਛੋਟੀ ਮਾਤਾ ਸਬੰਧੀ ਤੱਥ
# Facts about Chickenpox

## ਛੋਟੀ ਮਾਤਾ ਕੀ ਹੈ?

ਛੋਟੀ ਮਾਤਾ ਵੈਰੀਸੈਲਾ-ਜ਼ੋਸਟਰ ਵਾਇਰਸ (varicella-zoster virus) ਦੁਆਰਾ ਹੋਣ ਵਾਲੀ ਇੱਕ ਇੰਨਫੈਕਸ਼ਨ ਹੈ। ਛੋਟੀ ਮਾਤਾ ਅਕਸਰ ਬੱਚਿਆਂ ਵਿਚ ਹੋਣ ਵਾਲੀ ਇੱਕ ਹਲਕੀ ਜਿਹੀ ਬਿਮਾਰੀ ਹੈ। ਕਿਸ਼ੋਰਾਂ, ਬਾਲਗਾਂ ਅਤੇ ਕਮਜ਼ੋਰ ਇਮਿਊਨ ਸਿਸਟਮ ਵਾਲੇ ਲੋਕਾਂ ਵਿਚ ਇਹ ਇਨਫ਼ੈਕਸ਼ਨ ਗੰਭੀਰ ਹੋ ਸਕਦੀ ਹੈ।

ਨਮੂਨੀਆ (ਫੇਫੜਿਆਂ ਦੀ ਇੰਨਫੈਕਸ਼ਨ), ਐਂਸੈਫਲਾਇਟਿਸ (ਦਿਮਾਗ਼ ਦੀ ਸੋਜ), ਅਤੇ ਖਾਰਸ਼ ਕਰਨ ਨਾਲ ਚਮੜੀ ਉੱਪਰ ਹੋਣ ਵਾਲੀਆਂ ਬੈਕਟੀਰੀਆ ਦੀਆਂ ਇਨਫੈਕਸ਼ਨਾਂ ਛੋਟੀ ਮਾਤਾ ਤੋਂ ਪੈਦਾ ਹੋਣ ਵਾਲੀਆਂ ਉਲਝਣਾਂ ਵਿਚ ਸ਼ਾਮਲ ਹਨ। ਐਂਸੈਫਲਾਇਟਿਸ ਕਾਰਨ ਕੜਵੱਲ ਪੈਣੇ, ਬੋਲ਼ਾਪਣ ਜਾਂ ਦਿਮਾਗ਼ੀ ਨੁਕਸਾਨ ਵੀ ਹੋ ਸਕਦਾ ਹੈ। ਛੋਟੀ ਮਾਤਾ ਵਾਲੇ 3,000 ਬਾਲਗਾਂ ਵਿਚੋਂ ਤਕਰੀਬਨ 1 ਇਸ ਇੰਨਫੈਕਸ਼ਨ ਨਾਲ ਮਰ ਜਾਂਦਾ ਹੈ। ਜਿਨ੍ਹਾਂ ਮਾਵਾਂ ਨੂੰ ਗਰਭ ਅਵਸਥਾ ਦੌਰਾਨ ਛੋਟੀ ਮਾਤਾ ਨਿਕਲ ਆਉਂਦੀ ਹੈ ਤਾਂ ਉਨ੍ਹਾਂ ਦੇ ਪੈਦਾ ਹੋਣ ਵਾਲੇ ਬੱਚਿਆਂ ਨੂੰ ਜਮਾਂਦਰੂ ਨੁਕਸ ਹੋ ਸਕਦੇ ਹਨ ਜਿਨ੍ਹਾਂ ਕਾਰਨ ਮੌਤ ਵੀ ਹੋ ਸਕਦੀ ਹੈ।।

## ਕੀ ਇਸ ਲਈ ਕੋਈ ਵੈਕਸੀਨ ਹੈ?

ਹਾਂ ਹੈ, ਛੋਟੀ ਮਾਤਾ ਦਾ ਵੈਕਸੀਨ ਛੋਟੀ ਮਾਤਾ ਦੀ ਬਿਮਾਰੀ ਤੋਂ ਬਚਾਅ ਕਰਦਾ ਹੈ। ਵਧੇਰੇ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. (HealthLink BC) ਫ਼ਾਈਲ #44b ਛੋਟੀ ਮਾਤਾ (ਵੈਰੀਸੈਲਾ) ਵੈਕਸੀਨ ਵੇਖੋ।

## ਛੋਟੀ ਮਾਤਾ ਕਿਵੇਂ ਫੈਲਦੀ ਹੈ?

ਜਦੋਂ ਇੰਨਫੈਕਸ਼ਨ ਵਾਲਾ ਵਿਅਕਤੀ ਛਿੱਕਦਾ ਜਾਂ ਖੰਘਦਾ ਹੈ ਤਾਂ ਵਾਇਰਸ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਹਵਾ ਰਾਹੀਂ ਫੈਲ ਜਾਂਦਾ ਹੈ । ਇਹ ਛੋਟੀ ਮਾਤਾ ਦੇ ਦਾਣਿਆਂ ਵਿਚਲੇ ਦ੍ਰਵ ਜਾਂ ਛੋਟੀ ਮਾਤਾ ਵਾਲੇ ਵਿਅਕਤੀ ਦੀ ਥੁੱਕ ਨਾਲ ਸੰਪਰਕ ਦੁਆਰਾ ਵੀ ਫੈਲ ਸਕਦਾ ਹੈ। ਗਰਭਵਤੀ ਔਰਤ ਜਿਸ ਨੂੰ ਛੋਟੀ ਮਾਤਾ ਹੈ ਉਹ ਇਹ ਬਿਮਾਰੀ ਆਪਣੇ ਬੱਚੇ ਨੂੰ ਜਨਮ ਤੋਂ ਪਹਿਲਾਂ ਹੀ ਦੇ ਸਕਦੀ ਹੈ।

ਛੋਟੀ ਮਾਤਾ ਵਾਲੇ ਲੋਕ ਰੈਸ਼ ਨਜ਼ਰ ਆਉਣ ਤੋਂ ਪੰਜ ਦਿਨ ਪਹਿਲਾਂ ਤੋਂ ਲੈ ਕੇ ਪੰਜ ਦਿਨ ਬਾਅਦ ਤੱਕ ਇਹ ਵਾਇਰਸ ਦੂਜੇ ਲੋਕਾਂ ਤੱਕ ਫੈਲਾ ਸਕਦੇ ਹਨ। ਰੈਸ਼ ਨਜ਼ਰ ਆਉਣ ਤੋਂ ਇੱਕ ਦਿਨ ਪਹਿਲਾਂ ਤੋਂ ਲੈ ਕੁੱਝ ਦਿਨ ਬਾਅਦ ਤੱਕ ਇਹ ਵਾਇਰਸ ਸਭ ਤੋਂ ਵੱਧ ਛੂਤ ਵਾਲਾ ਹੁੰਦਾ ਹੈ।

ਛੋਟੀ ਮਾਤਾ ਦੇ ਫੈਲਾਅ ਨੂੰ ਘਟਾਉਣ ਵਾਸਤੇ ਬਿਮਾਰੀ ਵਾਲੇ ਬੱਚਿਆਂ ਨੂੰ ਰੈਸ਼ ਦੇ ਪਹਿਲੀ ਵਾਰ ਨਜ਼ਰ ਆਉਣ ਜਾਂ ਛਾਲਿਆਂ ਤੇ ਖਰੀਂਢ ਆਉਣ ਤੋਂ ਪੰਜ ਦਿਨ ਬਾਅਦ ਤੱਕ ਡੇ-ਕੇਅਰ ਜਾਂ ਸਕੂਲ ਨਹੀਂ ਜਾਣਾ ਚਾਹੀਦਾ।

ਵਾਇਰਸ ਨਾਲ ਸੰਪਰਕ ਹੋਣ ਤੋਂ ਬਾਅਦ ਕਿਸੇ ਵਿਅਕਤੀ ਨੂੰ ਬਿਮਾਰ ਹੋਣ ਨੂੰ ਆਮ ਤੌਰ ਤੇ ਦੋ ਤੋਂ ਤਿੰਨ ਹਫ਼ਤੇ ਲੱਗ ਜਾਂਦੇ ਹਨ। ਜੇਕਰ ਤੁਹਾਡੇ ਬੱਚੇ ਦਾ ਛੋਟੀ ਮਾਤਾ ਨਾਲ ਸੰਪਰਕ ਹੋ ਗਿਆ ਹੈ ਤਾਂ ਅਗਲੇ ਦੋ ਤੋਂ ਤਿੰਨ ਹਫ਼ਤਿਆਂ ਲਈ ਬਿਮਾਰੀ ਦੇ ਲੱਛਣਾਂ ਵਲ ਧਿਆਨ ਦਿਓ।

## ਇਸ ਰੋਗ ਦੇ ਕੀ ਲੱਛਣ ਹਨ?

ਛੋਟੀ ਮਾਤਾ ਵਾਲੇ ਵਿਅਕਤੀ ਨੂੰ ਹਲਕਾ ਬੁਖ਼ਾਰ, ਦਰਦਾਂ, ਥਕਾਵਟ, ਸਿਰ ਦਰਦ ਅਤੇ ਭੁੱਖ ਘੱਟ ਲੱਗਣ ਜਿਹੇ ਲੱਛਣ ਹੋ ਸਕਦੇ ਹਨ।ਕੁੱਝ ਦਿਨਾਂ ਬਾਦ ਇੱਕ ਰੈਸ਼ ਨਜ਼ਰ ਆਉਂਦਾ ਹੈ। ਲਾਲ ਧੱਬੇ ਪਹਿਲਾਂ ਚਿਹਰੇ ਅਤੇ ਖੋਪੜੀ ਤੇ ਪ੍ਰਗਟ ਹੁੰਦੇ ਹਨ ਅਤੇ ਫਿਰ ਜਲਦੀ ਹੀ ਬਾਕੀ ਸਰੀਰ ਅਤੇ ਬਾਂਹਾਂ ਅਤੇ ਲੱਤਾਂ ਉੱਤੇ ਫੈਲ ਜਾਂਦੇ ਹਨ। ਧੱਬੇ ਬੜੀ ਖ਼ਾਰਸ਼ ਵਾਲੇ ਹੋ ਜਾਂਦੇ ਹਨ ਅਤੇ ਸਾਫ਼ ਦ੍ਰਵ ਨਾਲ ਭਰੇ ਛਾਲਿਆਂ ਵਰਗੇ ਦਿਖਾਈ ਦੇਣ ਲੱਗਦੇ ਹਨ। ਕੁੱਝ ਹੋਰ ਦਿਨਾਂ ਬਾਦ ਦ੍ਰਵ ਦੂਧੀਆ ਹੋ ਜਾਂਦਾ ਹੈ, ਛਾਲੇ ਫਿੱਸ ਜਾਂਦੇ ਹਨ ਅਤੇ ਇੱਕ ਸਿੱਕੜ ਜਾਂ ਖਰੀਂਢ ਬਣ ਜਾਂਦਾ ਹੈ ਜਦੋਂ ਕਿ ਚਮੜੀ ਠੀਕ ਹੋਣ ਲੱਗਦੀ ਹੈ।
ਇਸ ਸਮੇਂ ਦੌਰਾਨ ਹੋਰ ਨਵੇਂ ਧੱਬੇ ਪ੍ਰਗਟ ਹੋਣ ਲੱਗਦੇ ਹਨ, ਛਾਲੇ ਬਣਦੇ ਹਨ ਅਤੇ ਫਿਰ ਉਨ੍ਹਾਂ ਉੱਤੇ ਖਰੀਂਢ ਬਣ ਜਾਂਦੇ ਹਨ। ਛੋਟੀ ਮਾਤਾ ਆਮ ਤੌਰ ਤੇ ਤਕਰੀਬਨ 10 ਦਿਨਾਂ ਤੱਕ ਰਹਿੰਦੀ ਹੈ।

## ਇਸ ਦਾ ਕੀ ਇਲਾਜ ਹੈ?

ਜੇ ਤੁਸੀਂ ਛੋਟੀ ਮਾਤਾ ਦੇ ਸੰਪਰਕ ਵਿਚ ਆ ਗਏ ਹੋ ਤਾਂ ਤੁਹਾਡਾ ਇਲਾਜ ਤੁਹਾਡੀ ਉਮਰ, ਸਿਹਤ ਅਤੇ ਬਿਮਾਰੀ ਦੀ ਗੰਭੀਰਤਾ ਤੇ ਨਿਰਭਰ ਕਰੇਗਾ। ਜ਼ਿਆਦਾਤਰ ਸਿਹਤਮੰਦ ਬੱਚਿਆਂ ਨੂੰ ਘਰ ਵਿਚ ਰਹਿਣ ਅਤੇ ਆਰਾਮ ਦੀ ਹੀ ਜ਼ਰੂਰਤ ਹੁੰਦੀ ਹੈ।

ਗਰਭਵਤੀ ਔਰਤਾਂ, ਨਵੇਂ ਜੰਮੇ ਬੱਚਿਆਂ ਅਤੇ ਕਮਜ਼ੋਰ ਇਮਿਊਨ ਸਿਸਟਮ ਵਾਲੇ ਲੋਕ ਜਿਨ੍ਹਾਂ ਨੂੰ ਪਹਿਲਾਂ ਵੈਕਸੀਨ ਨਹੀਂ ਲੱਗਾ ਜਾਂ ਪਹਿਲਾਂ ਛੋਟੀ ਮਾਤਾ ਜਾਂ ਕੱਚੀਆਂ ਧੱਦਰਾਂ ਨਹੀਂ

ਹੋਈਆਂ ਅਤੇ ਉਨ੍ਹਾਂ ਨੂੰ ਛੋਟੀ ਮਾਤਾ ਹੋ ਜਾਂਦੀ ਹੈ ਜਾਂ ਛੋਟੀ ਮਾਤਾ ਨਾਲ ਸੰਪਰਕ ਹੋ ਜਾਂਦਾ ਹੈ ਤਾਂ ਉਨ੍ਹਾਂ ਨੂੰ ਜਲਦੀ ਨਾਲ ਸਿਹਤ ਸੰਭਾਲ ਕਰਨ ਵਾਲੇ ਨੂੰ ਮਿਲਣਾਂ ਚਾਹੀਦਾ ਹੈ। ਬਿਮਾਰੀ ਅਤੇ ਪੇਚੀਦਗੀਆਂ ਦੇ ਖ਼ਤਰੇ ਨੂੰ ਘਟਾਉਣ ਲਈ ਰੋਕਥਾਮ ਦੇ ਢੰਗ ਤਰੀਕੇ ਜ਼ਰੂਰ ਛੇਤੀ ਤੋਂ ਛੇਤੀ ਸ਼ੁਰੂ ਕਰ ਦੇਣੇ ਚਾਹੀਦੇ ਹਨ।

ਰੋਕ ਥਾਮ ਦੇ ਤਰੀਕਿਆਂ ਵਿਚ ਐਂਟੀ ਵਾਇਰਲ ਦਵਾਈਆਂ, ਵੈਰੀਸੇਲਾ ਜ਼ੋਸਟਰ ਇਮਿਊਨ ਗਲੋਬੁਲਿਨ ਦਾ ਟੀਕਾ ਜਾਂ ਵੈਰੀਸੇਲਾ ਵੈਕਸੀਨ ਸ਼ਾਮਲ ਹੋ ਸਕਦੇ ਹਨ।

## ਇਸ ਦਾ ਘਰੇਲੂ ਇਲਾਜ ਕੀ ਹੈ?

ਜ਼ਿਆਦਾਤਰ ਹਾਲਤਾਂ ਵਿਚ ਛੋਟੀ ਮਾਤਾ ਇੱਕ ਹਲਕੀ ਜਿਹੀ ਬਿਮਾਰੀ ਹੈ। ਜੇ ਤੁਹਾਨੂੰ ਛੋਟੀ ਮਾਤਾ ਹੈ ਤਾਂ ਤੁਸੀਂ ਆਰਾਮ ਕਰੋ ਪਰ ਤੁਹਾਨੂੰ ਬਿਸਤਰੇ ਤੇ ਲੇਟੇ ਰਹਿਣ ਦੀ ਜ਼ਰੂਰਤ ਨਹੀਂ।

ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਜ਼ਿਆਦਾ ਆਰਾਮਦਾਇਕ ਮਹਿਸੂਸ ਕਰਨਾ ਸਭ ਤੋਂ ਜ਼ਿਆਦਾ ਸਹਾਇਕ ਹੋ ਸਕਦੇ ਹਨ। ਹੇਠ ਲਿਖੇ ਕੁੱਝ ਕਦਮ ਜੋ ਤੁਸੀਂ ਚੁੱਕ ਸਕਦੇ ਹੋ:

- ਜੇ ਬੁਖ਼ਾਰ ਹੈ ਤਾਂ ਬਹੁਤ ਸਾਰੇ ਤਰਲ ਪਦਾਰਥ ਜਿਵੇਂ ਕਿ ਪਾਣੀ, ਜੂਸ ਅਤੇ ਸੂਪ ਪੀਓ। ਜੇ ਤੁਹਾਡਾ ਬੱਚਾ ਦੁੱਧ ਚੁੰਘਦਾ ਹੈ ਤਾਂ ਦੁੱਧ ਜ਼ਿਆਦਾ ਵਾਰ ਚੁੰਘਾਓ।
- ਹੱਥਾਂ ਦੀਆਂ ਉਂਗਲੀਆਂ ਦੇ ਨਹੁੰ ਛੋਟੇ ਅਤੇ ਸਾਫ਼ ਰੱਖੋ, ਰਾਤੀਂ ਹੱਥਾਂ ਨੂੰ ਦਸਤਾਨੇ ਜਾਂ ਜੁਰਾਬਾਂ ਪਾਓ ਤਾਂ ਕਿ ਖ਼ਾਰਸ਼ ਕਰਨ ਤੋਂ ਬਚ ਸਕੋ।
- ਖ਼ਾਰਸ਼ ਤੋਂ ਆਰਾਮ ਲਈ ਚਮੜੀ ਨੂੰ ਠੰਢਾ ਰੱਖੋ। ਘੱਟ ਕੱਪੜੇ ਪਹਿਨੋ ਅਤੇ ਗਰਮ ਪਾਣੀ ਨਾਲ ਨਾ ਨਹਾਓ। ਖ਼ਾਰਸ਼ ਘਟਾਉਣ ਲਈ ਕਿਸੇ ਲੋਸ਼ਨ ਬਾਰੇ ਆਪਣੇ ਫ਼ਾਰਮਾਸਿਸਟ ਜਾਂ ਸਿਹਤ ਸੰਭਾਲ ਕਰਨ ਵਾਲੇ ਨੂੰ ਪੁੱਛੋ।
- ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਛੋਟੀ ਮਾਤਾ ਦੇ ਛਾਲਿਆਂ ਦੇ ਦਾਗ਼ਾਂ ਵਾਲੇ ਕੱਪੜਿਆਂ ਨੂੰ ਘਰ ਵਾਲੇ ਕਲੀਨਰ ਨਾਲ ਧੋਵੋ। ਬਿਮਾਰ ਵਿਅਕਤੀ ਨੂੰ ਘਰ ਦੇ ਉਨ੍ਹਾਂ ਮੈਂਬਰਾਂ ਤੋਂ ਦੂਰ ਰੱਖੋ ਜਿਨ੍ਹਾਂ ਨੂੰ ਛੋਟੀ ਮਾਤਾ ਕਦੀ ਨਹੀਂ ਹੋਈ।

ਐਸੀਟਾਮੀਨੋਫੇਨ (Acetaminophen) ਜਾਂ ਟੈਲੀਨੋਲ (Tylenol®) ਬੁਖ਼ਾਰ ਲਈ ਅਤੇ ਦੁਖਣ ਤੋਂ ਦਿੱਤੀ ਜਾ ਸਕਦੀ ਹੈ। ASA ਜਾਂ ਐਸਪਰੀਨ (Aspirin®) ਰਾਈ ਸਿੰਡਰੋਮ ਦੇ ਖ਼ਤਰੇ ਕਾਰਨ 20 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

ਰਾਈ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. (HealthLinkBC) ਫ਼ਾਈਲ #84 ਰਾਈ ਸਿੰਡਰੋਮ ਦੇਖੋ।

## ਕੱਚੀਆਂ ਧੱਦਰਾਂ ਕੀ ਹਨ?

ਜਿਹੜਾ ਵਾਇਰਸ ਛੋਟੀ ਮਾਤਾ ਪੈਦਾ ਕਰਦਾ ਹੈ ਉਸੇ ਨਾਲ ਹੀ ਕੱਚੀਆਂ ਧੱਦਰਾਂ ਪੈਦਾ ਹੁੰਦੀਆਂ ਹਨ। ਜਿਨ੍ਹਾਂ ਲੋਕਾਂ ਨੂੰ ਛੋਟੀ ਮਾਤਾ ਹੋ ਚੁੱਕੀ ਹੁੰਦੀ ਹੈ ਉਨ੍ਹਾਂ ਵਿਚੋਂ ਕੁੱਝ ਲੋਕਾਂ ਦੀ ਜ਼ਿੰਦਗੀ ਵਿਚ ਇਹ ਵਾਇਰਸ ਦੁਬਾਰਾ ਸਰਗਰਮ ਹੋ ਜਾਂਦਾ ਹੈ ਅਤੇ ਦਰਦ ਵਾਲੇ ਰੈਸ਼ ਛਾਲਿਆਂ ਸਮੇਤ ਹੋ ਜਾਂਦੇ ਹਨ ਜਿਸ ਨੂੰ ਕੱਚੀਆਂ ਧੱਦਰਾਂ ਕਹਿੰਦੇ ਹਨ।

ਕੱਚੀ ਧੱਦਰ ਦੇ ਰੋਗ ਲੱਛਣਾਂ ਵਿਚ ਸਿਰ ਦਰਦ, ਬੁਖ਼ਾਰ, ਦਿਲ ਕੱਚਾ ਹੋਣਾ ਅਤੇ ਠੰਢ ਲੱਗਣੀ ਸ਼ਾਮਲ ਹਨ। ਜਿਸ ਜਗ੍ਹਾ ਤੇ ਰੈਸ਼ ਪੈਦਾ ਹੋਣੇ ਹੋਣ ਕੁੱਝ ਲੋਕਾਂ ਨੂੰ ਉਸ ਜਗ੍ਹਾ ਕੁੱਝ ਦਿਨ ਪਹਿਲਾਂ ਹੀ  ਖ਼ਾਰਸ਼, ਝੁਣਝੁਣੀ ਜਿਹੀ ਜਾਂ ਬਹੁਤ ਦਰਦ ਮਹਿਸੂਸ ਹੋ ਸਕਦੀ ਹੈ। ਛਾਲਿਆਂ ਨੂੰ ਠੀਕ ਹੋਣ ਲਈ 2 ਤੋਂ 4 ਹਫ਼ਤੇ ਲੱਗ ਸਕਦੇ ਹਨ ਅਤੇ ਕੁੱਝ ਦਾਗ਼ ਰਹਿ ਸਕਦੇ ਹਨ।

ਕੱਚੀਆਂ ਧੱਦਰਾਂ ਦਾ ਰੋਗੀ ਜੇ ਠੀਕ ਮਹਿਸੂਸ ਕਰੇ ਅਤੇ ਰੈਸ਼ ਨੂੰ ਪੂਰੀ ਤਰ੍ਹਾਂ ਢੱਕ ਕੇ ਰੱਖ ਸਕੇ ਤਾਂ ਉਸ ਨੂੰ ਕੰਮ ਤੋਂ ਜਾਂ ਕਿਸੇ ਹੋਰ ਸਰਗਰਮੀ ਤੋਂ ਦੂਰ ਨਹੀਂ ਰਹਿਣਾ ਚਾਹੀਦਾ। ਇਹ ਰੋਗ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਨੂੰ ਨਹੀਂ ਹੋ ਸਕਦਾ। ਪਰ ਜਿਸ ਵਿਅਕਤੀ ਨੂੰ ਛੋਟੀ ਮਾਤਾ ਨਹੀਂ ਹੋਈ ਜਾਂ ਇਸ ਦਾ ਵੈਕਸੀਨ ਨਹੀਂ ਮਿਲਿਆ ਉਸ ਨੂੰ ਕੱਚੀਆਂ ਧੱਦਰਾਂ ਵਾਲੇ ਰੋਗੀ ਤੋਂ ਛੋਟੀ ਮਾਤਾ ਹੋ ਸਕਦੀ ਹੈ। ਇੰਜ ਬਹੁਤ ਘੱਟ ਹੁੰਦਾ ਹੈ ਅਤੇ ਇਸ ਲਈ ਕੱਚੀਆਂ ਧੱਦਰਾਂ ਦੇ ਛਾਲਿਆਂ ਦੇ ਦ੍ਰਵਾਂ ਨਾਲ ਸੰਪਰਕ ਹੋਣਾ ਜ਼ਰੂਰੀ ਹੈ।

ਕੱਚੀਆਂ ਧੱਦਰਾਂ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. (HealthLinkBC) ਫ਼ਾਈਲ #111 ਸ਼ਿੰਗਲਜ਼ ਵੈਕਸੀਨ ਦੇਖੋ।